ਸਾਹਿਤਕ ਕਵੀ, ਕਹਾਣੀਕਾਰ,
ਲੇਖਕ ਅਤੇ
ਗੀਤ ਸੰਗੀਤ ਵਿੱਚ ਰੁਚੀ
ਰੱਖਣ ਵਾਲਿਆਂ ਲਈ
ਫੋਟੋ ਅਤੇ ਆਪਣੀ ਨਿੱਜੀ
ਰਚਨਾ ਭੇਜਣ ਲਈ
Whatsapp No
416 700 9100
vishavpunjabisanjh@gmail.com

ਰੋਜ਼ਾਨਾ
# ਵਿਸ਼ਵ ਪੰਜਾਬੀ ਸਾਂਝ
ਮੁੱਖ ਦਫ਼ਤਰ : ਵਿਸ਼ਵ ਪੰਜਾਬੀ ਭਵਨ, 114 ਕੈਨੇਡੀ ਰੋਡ ਬਰੈਂਪਟਨ, ਓਂਟਾਰੀਓ



ਮੁੱਖ ਸੰਪਾਦਕ
ਡਾ.ਦਲਬੀਰ ਸਿੰਘ ਕਥੂਰੀਆ

Dalbir Singh Kathuria, CEO
905-230-4800
416-700-9100
BramptonCashandCarry2023@gmail.com
100 KENNEDY ROAD S., BRAMPTON ON L6W 3E7, CANADA
BRAMPTON CASH & CARRY

Village of India
905.450.3333
villageofindia.ca
114 KENNEDY ROAD SOUTH BRAMPTON, ON, L6W 3E7
BUFFET | DINE IN | TAKE OUT | CATERING | LUNCH & DINNER | SWEETS

# ਪੁਸਤਕ ਗਿਆਨ ਨੂੰ ਮੁੜ ਸੁਰਜੀਤ ਕਰਕੇ ਬੱਚਿਆਂ ਨੂੰ ਪੁਸਤਕਾਂ ਪੜ੍ਹਨ ਲਈ ਪ੍ਰੇਰਿਤ ਕਰਨਾ ਸਮੇਂ ਦੀ ਲੋੜ : ਚੇਅਰਮੈਨ ਡਾ.ਦਲਬੀਰ ਸਿੰਘ ਕਥੂਰੀਆ




ਸੰਗਰੂਰ 27 ਨਵੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) - ਧੀ ਪੰਜਾਬਣ ਮੰਚ ਸੰਗਰੂਰ ਵੱਲੋਂ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਸਹਿਯੋਗ ਨਾਲ ਅਕਾਲ ਕਾਲਜ਼ ਆਫ਼ ਐਜੂਕੇਸ਼ਨ ਮਸਤੁਆਣਾ ਸਾਹਿਬ (ਸੰਗਰੂਰ) ਵਿਖੇ ਪੁਸਤਕ ਸੱਭਿਆਚਾਰ ਨੂੰ ਸਮਰਪਿਤ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਏ। ਨੌਜਵਾਨ ਪੀੜੀ ਨੂੰ ਸੋਸ਼ਲ ਮੀਡੀਆ ਦੀ ਜਗਹਾ ਤੇ ਵਾਪਸ ਪੁਸਤਕ ਸੱਭਿਆਚਾਰ ਵੱਲ ਜੋੜਨ ਦੇ ਉਦੇਸ਼ ਨੂੰ ਲੈ ਕੇ ਵੱਖ-ਵੱਖ ਗਿਆਨ ਨਾਲ ਸੰਬੰਧਿਤ ਮੁਕਾਬਲੇ ਕਰਵਾਏ ਗਏ। ਜਿਨਾਂ ਵਿੱਚ ਕਰੀਬ 100 ਬੱਚਿਆਂ ਨੇ ਉਤਸ਼ਾਹ ਨਾਲ ਭਾਗ ਲਿਆ। ਸਾਰੇ ਪ੍ਰਤਿਭਾਗੀ ਬੱਚਿਆਂ ਨੂੰ 3100-3100 ਅਤੇ ਤਿੰਨ-ਤਿੰਨ ਪੁਸਤਕਾਊ ਬਤੌਰ ਇਨਾਮ ਦੇ ਤੌਰ ਤੇ ਦਿੱਤੀਆਂ ਗਈਆਂ। ਬੱਚਿਆਂ ਨੂੰ ਸਨਮਾਨਿਤ ਕਰਨ ਦੀ ਰਸਮ ਅਦਾ ਕਰਦੇ ਹੋਏ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਵੱਲੋਂ ਐਲਾਨ ਕੀਤਾ ਗਿਆ ਕਿ ਬੱਚਿਆਂ ਨੂੰ ਪੁਸਤਕਾਂ ਅਤੇ ਪੰਜਾਬੀ ਭਾਸ਼ਾ ਨਾਲ ਜੋੜਨ ਲਈ ਸ਼ੁਰੂ ਕੀਤੇ ਗਏ ਪਾਇਲਟ ਪ੍ਰੋਜੈਕਟ ਨੂੰ ਪਹਿਲੇ ਹੀ ਦਿਨ ਹੀ ਮਿਲੇ ਭਾਰੀ ਉਤਸ਼ਾਹ ਨੂੰ ਦੇਖਦਿਆਂ ਇਸ ਨੂੰ ਸਕੂਲ/ਕਾਲਜ, ਜ਼ਿਲ੍ਹਾ ਅਤੇ ਜ਼ਿਲ੍ਹੇ ਤੋਂ ਪੰਜਾਬ ਪੱਧਰ ਤੱਕ ਲੈ ਕੇ ਜਾਣ ਦਾ ਫੈਸਲਾ ਲਿਆ ਗਿਆ। ਉਹਨਾਂ ਐਲਾਨ ਕੀਤਾ ਕਿ ਰਾਜ ਪੱਧਰੀ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਹਾਸਲ ਕਰਨ ਵਾਲੇ ਬੱਚੇ ਨੂੰ 1 ਲੱਖ, ਦੂਸਰਾ ਸਥਾਨ ਹਾਸਲ ਕਰਨ ਵਾਲੇ ਬੱਚੇ ਨੂੰ 51 ਹਜ਼ਾਰ ਤੇ ਤੀਸਰਾ ਸਥਾਨ ਪ੍ਰਾਪਤ ਕਰਨ ਵਾਲੇ ਬੱਚੇ ਨੂੰ 31 ਹਜ਼ਾਰ ਰੁਪਏ ਬਤੌਰ ਇਨਾਮ ਦਿੱਤੇ ਜਾਣਗੇ।

ਡਾਕਟਰ ਦਲਬੀਰ ਸਿੰਘ ਕਥੂਰੀਆ ਨੇ ਕਿਹਾ ਕਿ ਮੌਜੂਦਾ ਨੌਜਵਾਨ ਪੀੜ੍ਹੀ ਕਿਤਾਬੀ ਗਿਆਨ ਤੋਂ ਭਟਕ ਕੇ ਸੋਸ਼ਲ ਮੀਡੀਆ ਤੇ ਨਿਰਭਰ ਹੋ ਕੇ ਰਹਿ ਗਈ ਹੈ, ਇਸ ਤਰ੍ਹਾਂ ਦੇ ਮੁਕਾਬਲੇ ਕਰਵਾਉਣ ਦਾ ਉਹਨਾਂ ਦਾ ਮੁੱਖ ਯਤਨ ਪੁਸਤਕ ਗਿਆਨ ਨੂੰ ਮੁੜ ਸੁਰਜੀਤ ਕਰਕੇ ਬੱਚਿਆਂ ਨੂੰ ਪੁਸਤਕਾਂ ਪੜ੍ਹਨ ਲਈ ਪ੍ਰੇਰਿਤ ਕਰਨਾ ਹੈ।

ਉਹਨਾਂ ਨੇ ਪੰਜਾਬ ਦੇ ਵਿੱਚ ਹੀ ਪੰਜਾਬੀ ਭਾਸ਼ਾ ਨੂੰ ਅਣਦੇਖਿਆਂ ਕਰਨ ਤੇ ਚਿੰਤਾ ਪ੍ਰਗਟ ਕਰਦੇ ਹੋਏ ਕਿਹਾ ਕਿ ਪੰਜਾਬ ਦੇ ਪਰਿਵਾਰ ਅੱਜ ਆਪਣੇ ਬੱਚਿਆਂ ਨੂੰ ਇੰਗਲਿਸ਼ ਤੇ ਹਿੰਦੀ ਮੀਡੀਅਮ ਸਕੂਲਾਂ ਵਿੱਚ ਪੜ੍ਹਾ ਰਹੇ ਨੇ ਤੇ ਉਹਨਾਂ ਨਾਲ ਗੱਲਬਾਤ ਵੀ ਹਿੰਦੀ ਵਿੱਚ ਹੀ ਕਰਦੇ ਨੇ ਇਹ ਇੱਕ ਬਹੁਤ ਵੱਡੀ ਚਿੰਤਾ ਦਾ ਵਿਸ਼ਾ ਹੈ, ਜਿਸ ਦੇ ਲਈ ਪੰਜਾਬੀ ਨੂੰ ਪਹਿਲਾਂ ਪਰਿਵਾਰ ਦੀ ਭਾਸ਼ਾ ਬਣਾਉਣਾ ਬਹੁਤ ਜਰੂਰੀ ਹੈ, ਕਿਉਂਕਿ ਜਿੰਨੀ ਦੇਰ ਪੰਜਾਬੀ ਭਾਸ਼ਾ ਪਰਿਵਾਰ, ਰੁਜ਼ਗਾਰ ਤੇ ਸਰਕਾਰ ਦੀ ਭਾਸ਼ਾ ਨਹੀਂ ਬਣਦੀ ਉਦੋਂ ਤੱਕ ਪੰਜਾਬੀ ਭਾਸ਼ਾ ਦਾ ਵਿਕਾਸ ਨਹੀਂ ਹੋ ਸਕਦਾ।

ਉਹਨਾਂ ਕਿਹਾ ਕਿ ਪੰਜਾਬੀ ਭਾਸ਼ਾ ਦੇ ਪ੍ਰਚਾਰ ਤੇ ਪ੍ਰਸਾਰ ਲਈ ਯਤਨ ਕਰਕੇ ਉਹ ਕਿਸੇ ਤਰਾਂ ਦੀ ਸ਼ੋਹਰਤ ਹਾਸਿਲ ਨਹੀਂ ਕਰਨਾ ਚਾਹੁੰਦੇ ਬਲਕਿ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਕੀਤੇ ਜਾਣ ਵਾਲੇ ਕਾਰਜਾਂ ਨਾਲ ਉਹਨਾਂ ਦੇ ਦਿੱਲ ਨੂੰ ਕਾਫ਼ੀ ਸੁਕੂਨ ਮਿਲਦਾ। ਬਲਕਿ ਉਹਨਾਂ ਦੀ ਅਣਥੱਕ ਟੀਮ ਵੀ ਉਨਾਂ ਦੇ ਇਸ ਮਹਾਨ ਕਾਰਜ਼ ਪੂਰੀ ਵਿੱਚ ਭਰਪੂਰ ਸਾਥ ਦੇ ਰਹੀ ਹੈ। ਇਸੇ ਤਰਾਂ ਆਦੇਸ਼ ਯੂਨੀਵਰਸਟੀ ਦੇ ਚਾਂਸਲਰ ਡਾਕਟਰ ਐਚ.ਐਸ ਗਿੱਲ ਨੇ ਸੰਬੋਧਨ ਕਰਦਿਆਂ ਡਾਕਟਰ ਦਲਬੀਰ ਸਿੰਘ ਕਥੂਰੀਆ ਵੱਲੋਂ ਪੰਜਾਬੀ ਭਾਸ਼ਾ ਦੇ ਪ੍ਰਸਾਰ ਅਤੇ ਪ੍ਰਚਾਰ ਲਈ ਕੀਤੇ ਜਾ ਰਹੇ ਯਤਨਾਂ ਦੀ ਭਰਪੂਰ ਸ਼ਲਾਂਘਾ ਕੀਤੀ। ਉਨਾਂ ਕਿਹਾ ਕਿ ਕੈਨੇਡਾ ਫ਼ੇਰੀ ਦੌਰਾਨ ਡਾਕਟਰ ਦਲਬੀਰ ਸਿੰਘ ਕਥੂਰੀਆ ਵੱਲੋਂ ਪੰਜਾਬੀ ਭਾਸ਼ਾ ਦੇ ਵਿਕਾਸ ਕੀਤੇ ਜਾ ਰਹੇ ਯਤਨਾਂ ਨੂੰ ਲਈ ਕਾਫ਼ੀ ਨੇੜੇ ਤੋਂ ਦੇਖਿਆ। ਉਹਨਾਂ ਵੱਲੋਂ ਵਿਸ਼ਵ ਪੰਜਾਬੀ ਭਵਨ ਦਾ ਵੀ ਨਿਰਮਾਣ ਕੀਤਾ ਗਿਆ ਜਦਕਿ ਜਨਵਰੀ ਮਹੀਨੇ ਵਿੱਚ ਉਹਨਾਂ ਵੱਲੋਂ ਪਾਕਿਸਤਾਨ ਵਿੱਚ ਵੀ ਪੰਜਾਬੀ ਭਾਸ਼ਾ ਸੰਬੰਧਿਤ ਕਾਨਫਰੰਸ ਵੀ ਕਰਵਾਈ ਜਾ ਰਹੀ ਹੈ। ਇਸੇ ਤਰ੍ਹਾਂ ਸੀਨੀਅਰ ਪੱਤਰਕਾਰ ਅਤੇ ਅਜੀਤ ਦੇ ਸਟਾਫ ਰਿਪੋਰਟਰ ਸੁਖਵਿੰਦਰ ਸਿੰਘ ਫੁੱਲ ਵੱਲੋਂ ਵੀ ਡਾਕਟਰ ਦਲਬੀਰ ਸਿੰਘ ਕਥੂਰੀਆ ਵੱਲੋਂ ਕੀਤੇ ਜਾ ਰਹੇ ਯਤਨਾਂ ਦੀ ਭਰਪੂਰ ਸ਼ਲਾਂਘਾ ਕੀਤੀ ਗਈ।

ਸਮਾਗਮ ਤੇ ਅੰਤ ਵਿੱਚ ਧੀ ਪੰਜਾਬਣ ਮੰਚ ਸੰਗਰੂਰ ਵੱਲੋਂ ਵਿਸ਼ਵ ਪੰਜਾਬੀ ਸਭਾ ਦੇ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਨੂੰ ਦੋਸ਼ਾਲਾ ਅਤੇ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਤੇ ਵਿਸ਼ਵ ਪੰਜਾਬੀ ਸਭਾ ਪੰਜਾਬ ਦੇ ਪ੍ਰਧਾਨ ਸ਼੍ਰੀਮਤੀ ਬਲਵੀਰ ਕੌਰ ਰਾਏਕੋਟੀ, ਪੁਸਤਕ ਸੱਭਿਆਚਾਰ ਨੂੰ ਸਮਰਪਿਤ ਸਮਾਗਮ ਦੌਰਾਨ ਆਦੇਸ਼ ਯੂਨੀਵਰਸਿਟੀ ਦੇ ਚਾਂਸਲਰ ਡਾਕਟਰ ਐਚ.ਐਸ ਗਿੱਲ, ਸਾਬਕਾ ਐਮ.ਐਲ.ਏ ਸਰਦਾਰ ਕੰਵਰ ਸੰਧੂ, ਡਾਕਟਰ ਜਗਤਾਰ ਸਿੰਘ ਧੀਮਾਨ ਸਾਬਕਾ ਵੀ.ਸੀ ਗੁਰੂ ਕਾਂਸ਼ੀ ਯੂਨੀਵਰਸਿਟੀ , ਲਖਵਿੰਦਰ ਸਿੰਘ ਸਲੇਮਪੁਰੀ ਵਿਸ਼ਵ ਪ੍ਰਸਿੱਧ ਲੇਖਕ, ਸਰਦਾਰ ਗੁਰਲਾਭ ਸਿੰਘ ਸਿੱਧੂ, ਉਦਯੋਗਪਤੀ ਸਤਵੀਰ ਸਿੰਘ, ਡਾਕਟਰ ਗੁਰਪ੍ਰੀਤ ਕੌਰ, ਮੈਡਮ ਬਲਬੀਰ ਕੌਰ ਰਾਏਕੋਟੀ, ਬਿੱਟੂ ਸ਼ਫੀਨਾ ਸੰਧੂ ਅਤੇ ਡਾਕਟਰ ਜਗਦੀਪ ਕੌਰ ਅਹੂਜਾ ਵਿਸ਼ਵ ਪੰਜਾਬੀ ਸਭਾ ਦੇ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਨੂੰ ਸਨਮਾਨਿਤ ਕਰਦੇ ਹੋਏ।

ਰੋਜ਼ਾਨਾ
ਵਿਸ਼ਵ ਪੰਜਾਬੀ ਸਾਂਝ
vishavpunjabisanjh@gmail.com



ਮਿਤੀ 27 ਨਵੰਬਰ ਬੁੱਧਵਾਰ 2024

## ਪੁਸਤਕ ਸੱਭਿਆਚਾਰ ਨੂੰ ਸਮਰਪਿਤ ਸਮਾਗਮ ਦੌਰਾਨ ਆਦੇਸ਼ ਯੂਨੀਵਰਸਿਟੀ ਦੇ ਚਾਂਸਲਰ ਡਾਕਟਰ ਐਚ.ਐਸ ਗਿੱਲ, ਸਾਬਕਾ ਐਮ.ਐਲ.ਏ ਸਰਦਾਰ ਕੰਵਰ ਸੰਧੂ, ਡਾਕਟਰ ਜਗਤਾਰ ਸਿੰਘ ਧੀਮਾਨ ਸਾਬਕਾ ਵੀ.ਸੀ ਗੁਰੂ ਕਾਂਸ਼ੀ ਯੂਨੀਵਰਸਿਟੀ , ਲਖਵਿੰਦਰ ਸਿੰਘ ਸਲੇਮਪੁਰੀ ਵਿਸ਼ਵ ਪ੍ਰਸਿੱਧ ਲੇਖਕ, ਸਰਦਾਰ ਗੁਰਲਾਭ ਸਿੰਘ ਸਿੱਧੂ, ਉਦਯੋਗਪਤੀ ਸਤਵੀਰ ਸਿੰਘ, ਡਾਕਟਰ ਗੁਰਪ੍ਰੀਤ ਕੌਰ, ਮੈਡਮ ਬਲਬੀਰ ਕੌਰ ਰਾਏਕੋਟੀ, ਬਿੱਟੂ ਸ਼ਫੀਨਾ ਸੰਧੂ ਅਤੇ ਡਾਕਟਰ ਜਗਦੀਪ ਕੌਰ ਅਹੂਜਾ ਵਿਸ਼ਵ ਪੰਜਾਬੀ ਸਭਾ ਦੇ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਨੂੰ ਸਨਮਾਨਿਤ ਕਰਦੇ ਹੋਏ।


















### ਸਕੂਲ ਜਾਣ ਲਈ ਬੱਚਿਆਂ ਨੂੰ ਮੁਹੱਈਆ ਕਰਵਾਇਆ ਈ-ਰਿਕਸ਼ਾ

ਵਿਸ਼ਵ ਪੰਜਾਬੀ ਸਭਾ ਦੇ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਨੇ ਦੱਸਿਆ ਕੀ ਸਰਕਾਰੀ ਪ੍ਰਾਇਮਰੀ ਸਕੂਲ ਸਹਿਬਾਜ਼ਪੁਰਾ ਰਾਏਕੋਟ (ਲੁਧਿਆਣਾ) ਦੇ ਹੈਡਮਾਸਟਰ ਵੱਲੋਂ ਬੱਚਿਆਂ ਦੇ ਸਕੂਲ ਆਉਣ ਦੀ ਪ੍ਰੇਸ਼ਾਨੀ ਤੋਂ ਜਾਣੂ ਕਰਵਾਇਆ ਗਿਆ ਸੀ। ਹੈਡਮਾਸਟਰ ਨੇ ਦੱਸਿਆ ਸੀ ਕਿ ਬੱਚਿਆਂ ਨੂੰ ਕਰੀਬ ਤਿੰਨ ਕਿਲੋਮੀਟਰ ਲੰਬਾ ਰਸਤਾ ਪੈਦਲ ਚੱਲ ਕੇ ਸਕੂਲ ਆਉਣਾ ਪੈਂਦਾ। ਜਿਸ ਤੇ ਉਹਨ੍ਹਾਂ ਨੇ ਬੱਚਿਆਂ ਦੀ ਪਰੇਸ਼ਾਨੀ ਨੂੰ ਸਮਝਦੇ ਹੋਏ ਇਕ ਲੱਖ 45 ਹਜ਼ਾਰ ਰੁਪਏ ਕੀਮਤ ਦਾ ਈ ਰਿਕਸ਼ਾ ਮੁੱਹਈਆ ਕਰਵਾਇਆ ਤਾਂ ਕਿ । ਬੱਚਿਆਂ ਨੂੰ ਸਕੂਲ ਆਉਂਣ ਜਾਣ ਵਿੱਚ ਕਿਸੇ ਤਰ੍ਹਾਂ ਦੀ ਪਰੇਸ਼ਾਨੀ ਨਾ ਹੋਵੇ।

ਡਾਕਟਰ ਦਲਬੀਰ ਸਿੰਘ ਕਥੂਰੀਆ ਨੇ ਪਟਿਆਲਾ ਯੂਨੀਵਰਸਿਟੀ ਵਿਖੇ ਸਥਿਤ ਭਾਸ਼ਾ ਵਿਭਾਗ ਦੇ ਡਾਇਰੈਕਟਰ ਨੂੰ ਪਿਛਲੇ ਪੰਜ ਮਹੀਨਿਆਂ ਤੋਂ ਤਨਖਾਹ ਨਾ ਦੇਣ ਤੇ ਗਹਿਰੀ ਚਿੰਤਾ ਪ੍ਰਗਟ ਕੀਤੀ ਹੈ। ਉਹਨਾਂ ਕਿਹਾ ਕਿ ਇੱਕ ਪਾਸੇ ਤਾਂ ਅਸੀਂ ਵੱਡੇ ਵੱਡੇ ਦਾਅਵੇ ਕਰਦੇ ਹਾਂ ਪਰ ਦੂਜੇ ਪਾਸੇ ਸਰਕਾਰ ਦੀਆਂ ਨਾਕਾਮੀਆਂ ਦੇ ਚਲਦੇ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਕੀਤੇ ਜਾਣ ਵਾਲੇ ਕੰਮ ਵਿੱਚ ਵਿਚਾਲੇ ਅਟਕ ਜਾਂਦੇ ਹਨ। ਉਹਨਾਂ ਨੇ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਪੰਜਾਬ ਵਿੱਚ ਲਾਇਬ੍ਰੇਰੀਆਂ ਖੋਲ੍ਹਣ ਦੀ ਗੱਲ ਤੇ ਵੀ ਜ਼ੋਰ ਦਿੱਤਾ। ਇਸ ਅਫਸਰ ਤੇ ਮਨਦੀਪ ਸਿੱਧੂ ਸਹਿਜ ਦਾ ਪਲੇਠਾ ਕਾਵਿ ਸੰਗ੍ਰਹਿ "ਧੀਆਂ ਦੀ ਦਾਸਤਾਨ" ਵੀ ਲੋਕ ਅਰਪਣ ਕੀਤਾ ਗਿਆ।











# ਹਰਿਆਣਾ ਦੀ ਰਾਜ ਸਭਾ ਸੀਟ: ਬਡੌਲੀ, ਭਾਟੀਆਂ ਅਤੇ ਸੁਨੀਤਾ ਦੌੜ ਵਿੱਚ


ਚੰਡੀਗੜ੍ਹ, 27 ਨਵੰਬਰ (ਵਿਸ਼ਵ ਪੰਜਾਬੀ ਸਾਂਝ, ਕੈਨੇਡਾ)-ਹਰਿਆਣਾ ਵਿੱਚ ਰਾਜਸਭਾ ਦੀ ਖਾਲੀ ਹੋਈ ਇਕ ਸੀਟ ਤੇ 20 ਦਸੰਬਰ ਨੂੰ ਉਪ ਚੋਣ ਹੋਵੇਗੀ। ਚੋਣ ਆਯੋਗ ਨੇ ਮੰਗਲਵਾਰ ਨੂੰ ਇਸ ਦੀ ਅਧਿਸੂਚਨਾ ਜਾਰੀ ਕਰ ਦਿੱਤੀ ਹੈ। ਅਕਤੂਬਰ ਵਿੱਚ ਭਾਜਪਾ ਨੇਤਾ ਕ੍ਰਿਸ਼ਨ ਲਾਲ ਪੰਵਾਰ ਦੇ ਪਾਨੀਪਤ ਦੇ ਇਸਰਾਨਾ ਤੋਂ ਵਿਧਾਇਕ ਚੁਣੇ ਜਾਣ ਦੇ ਬਾਅਦ ਇਹ ਸੀਟ ਖਾਲੀ ਹੋਈ ਸੀ। ਉਹਨਾਂ ਦਾ ਕਾਰਜ਼ਕਾਲ ਇੱਕ ਅਗਸਤ 2028 ਤੱਕ ਸੀ। ਇਸ ਸੀਟ ਤੇ ਭਾਜਪਾ ਦੀ ਜਿੱਤ ਤਹਿ ਹੈ, ਕਿਉਂਕਿ ਵਿਧਾਨਸਭਾ ਵਿੱਚ ਭਾਜਪਾ ਦੇ ਕੋਲ ਪੂਰੀ ਬਹੁਮਤ ਹੈ। ਰਾਜਸਭਾ ਮੈਂਬਰ ਦੇ ਲਈ ਭਾਜਪਾ ਸੂਬਾ ਪ੍ਰਧਾਨ ਮੋਹਨ ਲਾਲ ਬਡੌਲੀ, ਸਾਬਕਾ ਸਾਂਸਦ ਸੰਜੈ ਭਾਟੀਆ ਅਤੇ ਸੁਨੀਤਾ ਦੁੱਗਲ ਦਾ ਨਾਮ ਚਰਚਾ ਵਿੱਚ ਹੈ। ਜਦਕਿ ਇਹਨਾਂ ਵਿੱਚ ਬਡੌਲੀ ਸਭ ਤੋਂ ਪ੍ਰਮੁੱਖ ਦਾਅਵੇਦਾਰ ਹਨ। ਉਹਨਾਂ ਦੇ ਸੂਬਾ ਪ੍ਰਧਾਨ ਰਹਿੰਦੇ ਹੋਏ ਭਾਜਪਾ ਨੇ ਵਿਧਾਨ ਸਭਾ ਚੋਣ ਵਿੱਚ ਵੱਡੇ ਬਹੁਮਤ ਨਾਲ ਜਿੱਤ ਪ੍ਰਾਪਤ ਕੀਤੀ ਸੀ। ਉਹ ਕੇਂਦਰੀ ਮੰਤਰੀ ਮਨੋਹਰ ਲਾਲ ਦੇ ਵੀ ਬੇਹੱਦ ਕਰੀਬੀ ਹਨ ਅਤੇ ਪਾਰਟੀ ਦਾ ਬ੍ਰਾਹਮਣ ਚਿਹਰਾ ਵੀ ਹਨ।















# ਹੁਣ ਕ੍ਰਾਈਮ ਨੂੰ Like ਕਰਨਾ ਵੀ ਪਵੇਗਾ ਭਾਰੀ

## ਸੋਸ਼ਲ ਮੀਡੀਆ ਤੇ ਗੈਂਗ-ਗੈਂਗਸਟਰ ਨੂੰ ਫਾਲੋ ਕੀਤਾ ਤਾਂ ਫੜ ਲਵੇਗੀ ਪੁਲਿਸ , ਪੋਸਟ ਲਾਈਕ ਅਤੇ ਹਥਿਆਰ ਦੇ ਨਾਲ ਫ਼ੋਟੋ ਵੀਡੀਓ ਅਪਲੋਡ ਕਰਨ ਵਾਲਿਆਂ ਦੀ ਬਣ ਰਹੀ ਸੂਚੀ, ਦਿੱਲੀ ਪੁਲਿਸ ਦੇ ਸਾਰੇ 15 ਜ਼ਿਲ੍ਹਿਆਂ ਦੇ ਇਲਾਵਾ ਬਾਕੀ ਯੂਨਿਟ ਵੀ ਦੋ ਹਫਤਿਆਂ ਤੋਂ ਛਾਣ ਰਹੀ ਸੋਸ਼ਲ ਮੀਡੀਆ



ਨਵੀਂ ਦਿੱਲੀ, 27 ਨਵੰਬਰ (ਜਸਵਿੰਦਰ ਸਿੰਘ ਬਿੱਟਾ) - ਸੋਸ਼ਲ ਮੀਡੀਆ 'ਤੇ ਗੈਂਗਸਟਰ ਅਤੇ ਗੈਂਗਸਟਰਾਂ ਨੂੰ ਫਾਲੋ ਕਰਨ ਵਾਲੇ ਅਤੇ ਉਨ੍ਹਾਂ ਦੀਆਂ ਪੋਸਟਾਂ ਨੂੰ ਲਾਈਕ ਕਰਨ ਵਾਲਿਆਂ ਦੀ ਸੂਚੀ ਦਿੱਲੀ ਪੁਲਿਸ ਤਿਆਰ ਕਰ ਰਹੀ ਹੈ। ਸੋਸ਼ਲ ਮੀਡੀਆ 'ਤੇ ਹਥਿਆਰਾਂ ਨਾਲ ਲੈਸ ਗੈਂਗਸਟਰਾਂ ਦੀਆਂ ਫੋਟੋ-ਵੀਡੀਓ ਅਤੇ ਰੀਲਾਂ ਅਪਲੋਡ ਕਰਨ ਵਾਲੇ ਵੀ ਨਿਸ਼ਾਨੇ 'ਤੇ ਹਨ। ਦਿੱਲੀ ਪੁਲਿਸ ਦੇ ਇਸ ਸੋਸ਼ਲ ਮੀਡੀਆ ਸਰਚ ਆਪ੍ਰੇਸ਼ਨ ਵਿੱਚ ਉਹਨਾਂ ਨਾਬਾਲਗਾਂ ਦੀ ਵੀ ਪਹਿਚਾਣ ਕੀਤੀ ਜਾ ਰਹੀ ਹੈ, ਜੋ ਗੈਂਗਸਟਰਾਂ ਤੋਂ ਪ੍ਰਭਾਵਿਤ ਰਹਿੰਦੇ ਹਨ। ਦਿੱਲੀ ਪੁਲਿਸ ਦੇ ਸਾਰੇ 15 ਜ਼ਿਲ੍ਹਿਆਂ ਤੋਂ ਇਲਾਵਾ ਬਾਕੀ ਯੂਨਿਟ ਵੀ ਕਰੀਬ ਦੋ ਹਫ਼ਤਿਆਂ ਤੋਂ ਸੋਸ਼ਲ ਮੀਡੀਆ ਛਾਣ ਰਹੀ ਹੈ।

ਉੱਤਰ ਪੂਰਬੀ ਜ਼ਿਲ੍ਹਾ ਪੁਲਿਸ ਨੇ ਸਤੰਬਰ ਵਿੱਚ ਅਨੁਰਾਗ ਉਰਫ ਅਨੂੰ ਉਰਫ ਸੁੱਖਾ ਨੂੰ ਗਿਫ ?ਰਤਾਰ ਕੀਤਾ ਸੀ। ਇਸਨੇ ਪਿਸਤੌਲ ਨਾਲ ਫੋਟੋ ਅਪਲੋਡ ਕੀਤੀ ਸੀ। ਸ਼ਾਹਦਰਾ ਜ਼ਿਲਾ ਪੁਲਸ ਨੇ ਸੋਮਵਾਰ ਨੂੰ ਭੋਲੇਨਾਥ ਨਗਰ ਦੇ ਗੁਰਕੀਰਤ ਸਿੰਘ ਉਰਫ਼ ਰੋਬੀ ਨੂੰ ਪਿਸਤੌਲ ਸਮੇਤ ਵੀਡੀਓ ਅਪਲੋਡ ਕਰਨ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ। ਇਹ ਬੀ.ਏ ਫਾਈਨਲ ਦਾ ਵਿਦਿਆਰਥੀ ਹੈ। ਦੋਵਾਂ ਤੋਂ ਹਥਿਆਰ ਬਰਾਮਦ ਹੋਏ, ਜਿਨ੍ਹਾਂ ਨੇ ਇਲਾਕੇ ਵਿੱਚ ਆਪਣਾ ਪ੍ਰਭਾਵ ਜਾਂ ਪੈਰੋਕਾਰ ਵਧਾਉਣ ਲਈ ਇਹ ਫੋਟੋ-ਵੀਡੀਓ ਅਪਲੋਡ ਕੀਤੀ ਸੀ। ਹਾਲਾਂਕਿ ਦੋਵਾਂ ਖ਼ਲਾਫ਼ ਪਹਿਲਾਂ ਕੋਈ ਕੇਸ ਨਹੀਂ ਹੈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਕਈ ਅਜਿਹੇ ਲੜਕੇ-ਲੜਕੀਆਂ ਹਨ ਜਿਨ੍ਹਾਂ ਦਾ ਪੁਲਿਸ ਰਿਕਾਰਡ ਨਹੀਂ ਹੈ। ਪਰ ਸਮਾਜ ਦੇ ਲਈ ਕਦੇ ਵੀ ਖ਼ਤਰਨਾਕ ਹੋ ਸਕਦੇ ਹਨ। ਗੋਬਿਦਪੁਰੀ ਵਿੱਚ ਸਿਪਾਹੀ ਕਿਰਣ ਪਾਲ ਦੀ ਹੱਤਿਆ ਕਰਨ ਵਾਲੇ ਤਿੰਨ ਅਪਰਾਧੀਆਂ ਦਾ ਵੀ ਕੋਈ ਪੁਲਿਸ ਰਿਕਾਰਡ ਨਹੀਂ ਸੀ, ਪਰ ਉਹ ਚਾਕੂ-ਪਿਸਟਲ ਲੈ ਕੇ ਚਲਦੇ ਸਨ, ਸੋਸ਼ਲ ਮੀਡੀਆ ਤੇ ਮਸ਼ਹੂਰ ਸਨ। ਸਪੈਸ਼ਲ ਸੈਲ ਦੇ ਐਨਕਾਊਂਟਰ ਵਿੱਚ ਮਾਰੇ ਗਏ ਅਪਰਾਧੀ ਰਾਘਵ ਉਰਫ ਰੱਕੀ ਦੇ ਪਿਸਟਲ-ਚਾਕੂ ਦੇ ਨਾਲ ਕਈ ਵੀਡੀਓ ਅਪਲੋਡ ਸਨ।

ਪੇਸ਼ੀ ਅਤੇ ਜੇਲ ਦੇ ਵੀਡੀਓ ਪਾਉਂਦੇ ਪੁਲਿਸ ਸੂਤਰਾਂ ਨੇ ਦੱਸਿਆ ਕਿ ਅਦਾਲਤ 'ਚ ਪੇਸ਼ੀ ਦੌਰਾਨ ਗੈਂਗਸਟਰ ਆਪਣੇ ਸਾਥੀਆਂ ਤੋਂ ਵੀਡੀਓ ਬਣਵਾਉਂਦੇ ਹਨ, ਜਿਸ ਵਿੱਚ ਉਹ ਭਾਰੀ ਪੁਲਿਸ ਫੋਰਸ ਦੇ ਵਿੱਚ ਆਉਂਦੇ ਦਿਖਦੇ ਹਨ। ਕਈਆਂ ਨੂੰ ਬੁਲੇਟਪਰੂਫ ਜੈਕਟ ਪਾ ਕੇ ਲਿਆਂਦਾ ਜਾਂਦਾ ਹੈ। ਜੇਲ੍ਹ ਦੇ ਅੰਦਰੋਂ ਵੀਡਿਓ ਜਾਂ ਫੋਟੋਆਂ ਵੀ ਅਪਲੋਡ ਕੀਤੀਆਂ ਜਾਂਦੀਆਂ ਹਨ, ਤਾਂ ਜੋ ਉਹ ਉੱਥੇ ਵੀ ਆਪਣਾ ਦਬਦਬਾ ਦਿਖਾ ਸਕਣ। ਕੁਝ ਗੈਂਗਸਟਰ ਵਿਦੇਸ਼ਾਂ ਵਿੱਚ ਆਪਣੇ ਮੌਜ-ਮਸਤੀ ਅਤੇ ਗਤੀਵਿਧੀਆਂ ਦੀਆਂ ਫੋਟੋਆਂ ਅਤੇ ਵੀਡੀਓ ਵੀ ਅਪਲੋਡ ਕਰਦੇ ਹਨ। ਉਹ ਗੈਂਗ ਦੀਆਂ ਘਟਨਾਵਾਂ ਅਤੇ ਮੀਡੀਆ ਦੀਆਂ ਖ਼ਬਰਾਂ ਵੀ ਅਪਲੋਡ ਕਰਦੇ ਹਨ। ਮੁੰਡੇ-ਕੁੜੀਆਂ ਇਸ ਤੋਂ ਪ੍ਰਭਾਵਿਤ ਹੋ ਕੇ ਇਨ੍ਹਾਂ ਦੇ ਚੁੰਗਲ ਵਿੱਚ ਫਸ ਜਾਂਦੇ ਹਨ। ਗੈਂਗ ਉਨ੍ਹਾਂ ਦੀ ਦੁਰਵਰਤੋਂ ਸ਼ੁਰੂ ਕਰ ਦਿੰਦੇ ਹਨ।

**ਫਾਲੋਅਰਜ਼ ਵਧਾਉਣ ਦੇ ਲਈ ਜ਼ੁਰਮ ਦਾ ਰਾਹ ਚੁਣਿਆ, ਹੋਇਆ ਗ੍ਰਿਫਤਾਰ**

ਇੰਸਟਾਗ੍ਰਾਮ ਦੇ ਰਾਹੀ ਗੈਂਗਸਟਰ ਵਰਗਾ ਰਵੱਈਆ ਦਿਖਾਉਣ ਅਤੇ ਇੰਸਟਾਗ੍ਰਾਮ ਰਾਹੀਂ ਫਾਲੋਅਰਜ਼ ਵਧਾਉਣ ਲਈ ਇਕ ਨੌਜਵਾਨ ਨੇ ਅਪਰਾਧਿਕ ਰਾਹ ਅਪਣਾ ਲਿਆ। ਸੁਲਤਾਨਪੁਰੀ ਪੁਲਿਸ ਨੇ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਹੈ । ਉਸ ਦੀ ਪਛਾਣ 23 ਸਾਲਾ ਸ਼ਿਵਮ ਉਰਫ਼ ਬਹਾਦੁਰਗੜੀਆ ਵਜੋਂ ਹੋਈ ਹੈ। ਇਹ ਹਰਿਆਣਾ ਦੇ ਬਹਾਦਰਗੜ੍ਹ ਦਾ ਰਹਿਣ ਵਾਲਾ ਹੈ ।ਇਸਦੇ ਕੋਲੋਂ ਇਕ ਦੇਸੀ ਪਿਸਤੌਲ ਬਰਾਮਦ ਹੋਇਆ ਹੈ। ਪੁਲਿਸ ਨਾਜਾਇਜ਼ ਹਥਿਆਰਾਂ ਦੇ ਸਰੋਤ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਤੋਂ ਇਲਾਵਾ ਇਸ ਦੇ ਗਰੁੱਪ ਵਿੱਚ ਹੋਰ ਕੌਣ-ਕੌਣ ਸ਼ਾਮਲ ਹੈ ?




### ਜ਼ਰੂਰੀ ਸੂਚਨਾਂ

ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਆਪਣਾ ਰੋਜ਼ਾਨਾ ਅਖ਼ਬਾਰ ਸ਼ੁਰੂ ਕੀਤਾ ਗਿਆ ਹੈ,ਜਿਸ ਦਾ ਨਾਮ 'ਵਿਸਵ ਪੰਜਾਬੀ ਸਾਂਝ'ਰੱਖਿਆ ਗਿਆ ਹੈ। ਤੁਸੀ ਆਪਣੀਆਂ ਰਚਨਾਵਾਂ/ਕਹਾਣੀ/ ਲੇਖ ਜਾਂ ਸਾਹਿਤਕ ਕਿਰਤ ਛੱਪਣ ਲਈ ਭੇਜ ਸਕਦੇ ਹੋ।

**ਲਿਖਤਾਂ ਭੇਜਣ ਲਈ ਈਮੇਲ ਪਤਾ**

**vishavPunjabisanjh@gmail.com**

ਲੇਖਕ ਆਪਣਾ ਨਾਮ ਫੋਨ ਨੰਬਰ ਅਤੇ ਫੋਟੋ ਵੀ ਜਰੂਰ ਭੇਜਣ ਦੀ ਕ੍ਰਿਪਾਲਤਾ ਕਰੋਂ

ਨੋਟ : ਅਖ਼ਬਾਰ ਵਿੱਚ ਭੇਜੀਆ ਰਚਨਾਵਾਂ ਜਾਂ ਸਮੱਗਰੀ ਸਾਹਿਤਕ ਅਤੇ ਸੱਭਿਅਕ ਹੋਵੇ ਸਮਾਜ ਨੂੰ ਸੇਧ ਦੇਣ ਵਾਲੀ ਹੋਵੇ।

ਅਖ਼ਬਾਰ ਵਿੱਚ ਸ਼ਾਮਿਲ ਲਿਖਤਾਂ ਤੇ ਵਿਚਾਰਾਂ ਲਈ ਲੇਖਕ ਖੁਦ ਜਿੰਮੇਵਾਰ ਹੈ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ






## ਪੰਜਾਬ 'ਚ ਇੱਕ ਦਸੰਬਰ ਤੋਂ ਸ਼ੁਰੂ ਹੋਵੇਗੀ ਐੱਨਓਸੀ ਤੋਂ ਬਿਨਾਂ ਪਲਾਟਾਂ ਦੀ ਰਜਿਸਟਰੀ

ਚੰਡੀਗੜ੍ਹ 27 ਨਵੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) - ਪੰਜਾਬ ਸਰਕਾਰ ਨੇ ਸੂਬੇ ਦੇ ਲੋਕਾਂ ਨੂੰ ਬਿਨਾਂ ਐੱਨਓਸੀ ਤੋਂ ਪਲਾਟਾਂ ਦੀ ਰਜਿਸਟਰੇਸ਼ਨ ਕਰਵਾਉਣ ਸਬੰਧੀ ਕੀਤੇ ਵਾਅਦੇ ਨੂੰ ਪੂਰਾ ਕਰ ਦਿੱਤਾ ਹੈ। ਇਸ ਸਬੰਧੀ ਮਾਲ ਤੇ ਮਕਾਨ ਉਸਾਰੀ ਵਿਭਾਗ ਨੇ ਨੋਟੀਫਿਕੇਸ਼ਨ ਵੀ ਜਾਰੀ ਕਰ ਦਿੱਤਾ ਹੈ। ਇਸ ਨੋਟੀਫਿਕੇਸ਼ਨ ਅਨੁਸਾਰ ਪੰਜਾਬ ਵਿੱਚ ਪਹਿਲੀ ਦਸੰਬਰ ਤੋਂ 28 ਫਰਵਰੀ 2025 ਤੱਕ ਲੋਕ ਬਿਨਾਂ ਐੱਨਓਸੀ ਤੋਂ ਪਲਾਟਾਂ ਦੀਆਂ ਰਜਿਸਟਰੀਆਂ ਕਰਵਾ ਸਕਦੇ ਹਨ। ਇਸ ਸਬੰਧੀ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਸੂਬੇ ਦੇ ਸਾਰੇ ਡਿਵੀਜ਼ਨਲ ਕਮਿਸ਼ਨਰਾਂ ਤੇ ਡਿਪਟੀ ਕਮਿਸ਼ਨਰਾਂ ਨੂੰ ਪੱਤਰ ਲਿੱਖ ਕੇ ਸੂਚਿਤ ਵੀ ਕਰ ਦਿੱਤਾ ਹੈ। ਇਸ ਦੇ ਨਾਲ ਹੀ ਕੈਬਨਿਟ ਮੰਤਰੀ ਨੇ ਸਾਰੇ ਡਿਵੀਜ਼ਨਲ ਕਮਿਸ਼ਨਰਾਂ ਤੇ ਡਿਪਟੀ ਕਮਿਸ਼ਨਰਾਂ ਨੂੰ ਬਿਨਾਂ ਐੱਨਓਸੀ ਤੋਂ ਪਲਾਟਾਂ ਦੀਆਂ ਰਜਿਸਟਰੀਆਂ ਸਬੰਧੀ ਹੁਕਮਾਂ ਦੀ ਸਖਤੀ ਨਾਲ ਪਾਲਣਾ ਕਰਨ ਦੇ ਨਿਰਦੇਸ਼ ਦਿੱਤੇ ਹਨ। ਸ੍ਰੀ ਮੁੰਡੀਆਂ ਨੇ ਕਿਹਾ ਕਿ ਸੂਬਾ ਸਰਕਾਰ ਨੇ ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ।

## ਸੜਕ ਹਾਦਸੇ ਵਿੱਚ ਚਾਰ ਡਾਕਟਰਾਂ ਸਮੇਤ 5 ਦੀ ਮੌਤ



ਲਖਨਊ,27 ਨਵੰਬਰ(ਵਿਸ਼ਵ ਪੰਜਾਬੀ ਸਾਂਝ, ਕੈਨੇਡਾ)-ਆਗਰਾ ਐਕਸਪ੍ਰੈਸ ਵੇਅ 'ਤੇ ਬੁੱਧਵਾਰ ਤੜਕੇ ਵਾਪਰੇ ਇੱਕ ਸੜਕ ਹਾਦਸੇ ਵਿੱਚ 4 ਡਾਕਟਰਾਂ ਡਾਕਟਰਾਂ ਅਤੇ ਇੱਕ ਲੈਬਾਰਟਰੀ ਟੈਕਨੀਸ਼ੀਅਨ ਦੀ ਮੌਤ ਹੋ ਗਈ। ਹਾਦਸੇ ਦਾ ਸ਼ਿਕਾਰ ਹੋਏ ਸਾਰੇ ਮ੍ਰਿਤਕ ਉੱਤਰ ਪ੍ਰਦੇਸ਼ ਮੈਡੀਕਲ ਯੂਨੀਵਰਸਿਟੀ ਨਾਲ ਸਬੰਧਤ ਹਨ। ਪੁਲੀਸ ਸੁਪਰਡੈਂਟ ਅਮਿਤ ਕੁਮਾਰ ਆਨੰਦ ਨੇ ਦੱਸਿਆ ਕਿ ਇਹ ਘਟਨਾ ਤੜਕੇ 3 ਵਜੇ ਦੇ ਕਰੀਬ ਵਾਪਰੀ ਜਦੋਂ ਐੱਸਯੂਵੀ ਬੇਕਾਬੂ ਹੋ ਕੇ ਵਿਚਕਾਰਲੇ ਡਿਵਾਈਡਰ ਨਾਲ ਟਕਰਾ ਗਈ ਅਤੇ ਅੱਗੇ ਜਾ ਰਹੀ ਲੇਨ ਨੂੰ ਪਾਰ ਕਰ ਗਈ, ਜਿੱਥੇ ਕਾਰ ਇੱਕ ਟਰੱਕ ਨਾਲ ਟਕਰਾ ਗਈ। ਜਿਸ ਦੇ ਨਤੀਜੇ ਵਜੋਂ ਚਾਰ ਡਾਕਟਰਾਂ ਅਤੇ ਇੱਕ ਲੈਬ ਟੈਕਨੀਸ਼ੀਅਨ ਦੀ ਮੌਕੇ 'ਤੇ ਹੀ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ ਇੱਕ ਪੀਜੀ ਵਿਦਿਆਰਥੀ ਨੂੰ ਗੰਭੀਰ ਸੱਟਾਂ ਲੱਗੀਆਂ ਹਨ ਜਿਸਨੂੰ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ।

# ਨਸ਼ਿਆਂ ਦੀਆਂ ਵਧ ਰਹੀਆਂ ਜ਼ਬਤੀਆਂ 'ਤੇ ਹਾਈ ਕੋਰਟ ਸਖ਼ਤ, CBI ਨੂੰ ਫਾਰਮਾ ਕੰਪਨੀਆਂ ਦੀ ਭੂਮਿਕਾ ਜਾਂਚ ਕਰਨ ਦੇ ਦਿੱਤੇ ਹੁਕਮ




ਚੰਡੀਗੜ੍ਹ 27 ਨਵੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) - ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਨਸ਼ਿਆਂ ਦੀਆਂ ਖੇਪਾਂ ਦੇ ਰੂਪ 'ਚ ਜ਼ਬਤ ਕੀਤੀਆਂ ਜਾ ਰਹੀਆਂ ਬਰਾਮਦਗੀਆਂ ਦੀ ਵਧਦੀ ਗਿਣਤੀ 'ਤੇ ਸਖ਼ਤ ਰੁਖ ਅਪਣਾਉਂਦਿਆਂ CBI ਨੂੰ ਫਾਰਮਾ ਕੰਪਨੀਆਂ ਦੀ ਭੂਮਿਕਾ ਦੀ ਜਾਂਚ ਕਰਨ ਦੇ ਹੁਕਮ ਦਿੱਤੇ ਹਨ। ਹਾਈ ਕੋਰਟ ਨੇ ਹਰਿਆਣਾ ਅਤੇ ਪੰਜਾਬ ਦੇ DGP ਨੂੰ ਵੀ ਕਿਹਾ ਕਿ ਉਹ ਇਸ ਮਾਮਲ 'ਚ CBI ਨੂੰ ਪੂਰੀ ਸਹਾਇਤਾ ਪ੍ਰਦਾਨ ਕਰਨ। ਅਪੀਲਕਰਤਾ ਸਾਹਿਬ ਸਿੰਘ ਨੇ NDPS ਕੇਸ 'ਚ ਸੁਣਾਈ ਗਈ ਸਜ਼ਾ ਦੇ ਹੁਕਮ ਨੂੰ ਚੁਨੌਤੀ ਦਿੱਤੀ ਸੀ। ਇਸ ਮਾਮਲੇ ਦਾ ਨੋਟਿਸ ਲੈਂਦੇ ਹੋਏ ਹਾਈ ਕੋਰਟ ਨੇ ਇਸ ਦਾ ਘੇਰਾ ਵਧਾ ਦਿੱਤਾ ਹੈ। ਹਾਈ ਕੋਰਟ ਨੇ NCB ਨੂੰ ਪੁਛਿਆ ਸੀ ਕਿ ਜਦੋਂ ਨਸ਼ਾ ਦਵਾਈਆਂ ਦੇ ਰੂਪ 'ਚ ਵੇਚਿਆ ਜਾ ਰਿਹਾ ਹੈ ਤਾਂ ਇਸ ਨੂੰ ਬਣਾਉਣ ਵਾਲੀਆਂ ਕੰਪਨੀਆਂ ਵਿਰੁਧ ਕੋਈ ਕਾਰਵਾਈ ਕਿਉਂ ਨਹੀਂ ਕੀਤੀ ਜਾ ਰਹੀ NCB ਨੇ ਕਿਹਾ ਕਿ ਫਾਰਮਾ ਕੰਪਨੀਆਂ ਲਈ ਰੈਗੂਲੇਸ਼ਨ ਮੌਜੂਦ ਹਨ। ਹਾਈ ਕੋਰਟ ਨੇ ਕਿਹਾ, "ਅਜਿਹੇ ਮਾਮਲੇ ਲਗਾਤਾਰ ਸਾਡੇ ਸਾਹਮਣੇ ਆ ਰਹੇ ਹਨ ਜਿਨ੍ਹਾਂ 'ਚ ਦਵਾਈਆਂ, ਟੀਕੇ ਆਦਿ ਦੇ ਰੂਪ 'ਚ ਨਸ਼ਿਆਂ ਦੀ ਖੇਪ ਫੜੀ ਜਾ ਰਹੀ ਹੈ। ਉਹ ਸਾਬਤ ਕਰਦਾ ਹੈ ਕਿ ਇਸ ਨੂੰ ਨਸ਼ੀਲੇ ਪਦਾਰਥ ਵਜੋਂ ਵੇਚਿਆ ਜਾ ਰਿਹਾ ਹੈ।" ਅਦਾਲਤ ਨੇ ਕਿਹਾ ਕਿ ਇਹ ਦਵਾਈਆਂ ਹਰਿਆਣਾ, ਪੰਜਾਬ ਅਤੇ ਗੁਆਂਢੀ ਸੂਬਿਆਂ 'ਚ ਤਿਆਰ ਕੀਤੀਆਂ ਜਾ ਰਹੀਆਂ ਹਨ। ਅਜਿਹੇ 'ਚ ਜਾਂਚ CBI ਨੂੰ ਸੌਂਪੀ ਜਾਣੀ ਚਾਹੀਦੀ ਹੈ। CBI ਨੇ ਕਿਹਾ ਕਿ ਜੇਕਰ ਅਦਾਲਤ ਹੁਕਮ ਦਿੰਦੀ ਹੈ ਤਾਂ ਉਹ ਜਾਂਚ ਲਈ ਤਿਆਰ ਹਨ। ਹਾਈ ਕੋਰਟ ਨੇ ਮਾਮਲੇ ਦੀ ਜਾਂਚ CBIਨੂੰ ਸੌਂਪਦੇ ਹੋਏ ਉਨ੍ਹਾਂ ਨੂੰ ਟੀਮ ਬਣਾਉਣ ਅਤੇ ਹਰਿਆਣਾ, ਪੰਜਾਬ ਜਾਂ ਚੰਡੀਗੜ੍ਹ ਦੇ ਯੋਗ ਅਧਿਕਾਰੀਆਂ ਨੂੰ ਸ਼ਾਮਲ ਕਰਨ ਦੀ ਆਜ਼ਾਦੀ ਦਿੱਤੀ ਹੈ। ਨਾਲ ਹੀ, ਟੀਮ ਕੋਲ ਛਾਪੇ ਮਾਰਨ ਜਾਂ ਗ੍ਰਿਫਤਾਰੀਆਂ ਕਰਨ ਦੀ ਛੋਟ ਹੋਵੇਗੀ। ਅਦਾਲਤ ਨੇ NCB ਨੂੰ ਟੀਮ ਦੀ ਮਦਦ ਕਰਨ ਦਾ ਹੁਕਮ ਦਿੱਤਾ ਹੈ। ਇਸ ਤੋਂ ਇਲਾਵਾ ਹਰਿਆਣਾ, ਪੰਜਾਬ ਅਤੇ ਚੰਡੀਗੜ੍ਹ ਦੇ DGP ਨੂੰ ਟੀਮ ਨੂੰ ਲੋੜੀਂਦੇ ਸਰੋਤ ਅਤੇ ਮਨੁੱਖੀ ਸ਼ਕਤੀ ਮੁਹੱਈਆ ਕਰਵਾਉਣ ਦੇ ਹੁਕਮ ਦਿੱਤੇ ਗਏ ਹਨ। ਟੀਮ 'ਚ ਮੌਜੂਦ ਸਾਰੇ ਮੈਂਬਰਾਂ 'ਤੇ CBI ਦਾ ਕੰਟਰੋਲ ਹੋਵੇਗਾ। ਹਾਈ ਕੋਰਟ ਨੇ CBI ਨੂੰ ਫਾਰਮਾ ਕੰਪਨੀਆਂ ਦੀ ਭੂਮਿਕਾ ਬਾਰੇ ਦੋ ਮਹੀਨਿਆਂ ਦੇ ਅੰਦਰ ਰੀਪੋਰਟ ਪੇਸ਼ ਕਰਨ ਦਾ ਹੁਕਮ ਦਿੱਤਾ ।

# ਕਰੋੜਾਂ Android ਯੂਜ਼ਰਸ 'ਤੇ ਵੱਡਾ ਖ਼ਤਰਾ! ਸਰਕਾਰ ਨੇ ਜਾਰੀ ਕੀਤਾ ਅਲਰਟ

ਚੰਡੀਗੜ੍ਹ 27 ਨਵੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) - ਭਾਰਤੀ ਕੰਪਿਊਟਰ ਐਮਰਜੈਂਸੀ ਰਿਸਪਾਂਸ ਟੀਮ ਯਾਨੀ CERT-ਇਨ ਨੇ ਕਰੋੜਾਂ Android ਯੂਜਰਸ ਲਈ ਹਾਈ-ਰਿਸਕ ਦੀ ਚੇਤਾਵਨੀ ਦਿੱਤੀ ਹੈ, ਜੋ ਕਿ ਖਾਸ ਤੌਰ 'ਤੇ ਨਵੀਨਤਮ 15 ਯੂਜਰਸ ਲਈ ਹੈ। ਸਰਕਾਰ ਦੀ ਸਾਈਬਰ ਸੁਰੱਖਿਆ ਏਜੰਸੀ ਮੁਤਾਬਕ ਐਂਡਰਾਇਡ ਆਪਰੇਟਿੰਗ ਸਿਸਟਮ 'ਚ ਕਈ ਖਾਮੀਆਂ ਪਾਈਆਂ ਗਈਆਂ ਹਨ। ਇਨ੍ਹਾਂ ਦੀ ਵਰਤੋਂ ਕਰ ਕੇ, ਹੈਕਰ ਤੁਹਾਡੇ ਸਮਾਰਟਫੋਨ ਜਾਂ ਟੈਬਲੇਟ 'ਤੇ ਹਮਲਾ ਕਰ ਸਕਦੇ ਹਨ, ਜਿਸ ਨਾਲ ਸੰਵੇਦਨਸ਼ੀਲ ਜਾਣਕਾਰੀ ਚੋਰੀ ਹੋ ਸਕਦੀ ਹੈ, ਡਿਵਾਈਸ ਨੂੰ ਅਸਥਿਰ ਕੀਤਾ ਜਾ ਸਕਦਾ ਹੈ ਜਾਂ ਡਿਵਾਈਸ ਕਰੈਸ਼ ਹੋ ਸਕਦੀ ਹੈ।



**ਹਾਈ-ਰਿਸਕ ਸ਼੍ਰੇਣੀ ਵਿੱਚ**

CERT-In ਦੀ ਰਿਪੋਰਟ (CIVN-2024-0CDI) ਨੇ ਇਹਨਾਂ ਖਾਮੀਆਂ ਨੂੰ ਹਾਈ-ਰਿਸਕ ਸ਼੍ਰੇਣੀ ਵਿੱਚ ਰੱਖਿਆ ਹੈ। ਇਹ ਚੇਤਾਵਨੀ ਸਿਰਫ਼ ਵਿਅਕਤੀਗਤ ਉਪਭੋਗਤਾਵਾਂ ਲਈ ਹੀ ਨਹੀਂ ਬਲਕਿ Android ਡਿਵਾਈਸਾਂ 'ਤੇ ਨਿਰਭਰ ਕਰਨ ਵਾਲੀਆਂ ਸੰਸਥਾਵਾਂ ਲਈ ਵੀ ਚਿੰਤਾ ਦਾ ਵਿਸ਼ਾ ਹੈ। ਆਓ ਪਹਿਲਾਂ ਜਾਣਦੇ ਹਾਂ ਕਿ ਕਿਹੜੇ ਐਂਡਰਾਇਡ ਸੰਸਕਰਣ ਡਿਵਾਈਸ ਇਸ ਤੋਂ ਪ੍ਰਭਾਵਿਤ ਹਨ

**ਆਪਣੇ ਆਪ ਨੂੰ ਸੁਰੱਖਿਅਤ ਕਿਵੇਂ ਰੱਖਣਾ ਹੈ ?**

CERT-In ਨੇ ਇਹਨਾਂ ਖ਼ਤਰਿਆਂ ਤੋਂ ਬਚਣ ਲਈ ਕੁਝ ਉਪਾਅ ਦਿੱਤੇ ਹਨ...

1. ਆਪਣੀ Android ਡਿਵਾਈਸ ਨੂੰ ਅਪਡੇਟ ਕਰੋ: Google ਅਤੇ ਡਿਵਾਈਸ ਨਿਰਮਾਤਾਵਾਂ (OEMs) ਦੁਆਰਾ ਜਾਰੀ ਕੀਤੇ ਗਏ ਸੁਰੱਖਿਆ ਅਪਡੇਟਾਂ ਨੂੰ Install ਕਰੋ। ਇਸ ਦੇ ਲਈ, ਡਿਵਾਈਸ ਅਪਡੇਟ ਲਈ Settings > System Upgrade > Check for Updates ਵਿਕਲਪ 'ਤੇ ਕਲਿੱਕ ਕਰੋ।
2. ਸਿਰਫ਼ ਭਰੋਸੇਯੋਗ ਸਰੋਤਾਂ ਤੋਂ ਹੀ ਐਪਸ ਡਾਊਨਲੋਡ ਕਰੋ: ਹਮੇਸ਼ਾ Google Play Store ਤੋਂ ਐਪਸ ਸਥਾਪਤ ਕਰੋ। ਗੈਰ-ਪ੍ਰਮਾਣਿਤ ਪਲੇਟਫਾਰਮਾਂ ਤੋਂ ਐਪਸ ਨੂੰ ਸਾਈਡਲੋਡ ਨਾ ਕਰੋ।
3. ਐਪਲੀਕੇਸ਼ਨ ਦੀ Permission ਦੀ ਜਾਂਚ ਕਰੋ: ਐਪ ਦੀ ਇਜਾਜ਼ਤ ਨੂੰ ਬੰਦ ਕਰੋ ਜਿਸ ਦੀ ਲੋੜ ਨਹੀਂ ਹੈ। ਖਾਸ ਐਪਾਂ ਲਈ ਦੋ-ਕਾਰਕ ਪ੍ਰਮਾਣੀਕਰਨ (BFA) ਚਾਲੂ ਕਰੋ।
4. ਡਿਵਾਈਸ ਇਨਕ੍ਰਿਪਸ਼ਨ ਚਾਲੂ ਕਰੋ: ਆਪਣੀ ਡਿਵਾਈਸ ਅਤੇ ਡੇਟਾ ਨੂੰ ਸੁਰੱਖਿਅਤ ਰੱਖਣ ਲਈ ਡਿਵਾਈਸ ਇਨਕ੍ਰਿਪਸ਼ਨ ਦੀ ਵਰਤੋਂ ਕਰੋ।

**ਗੂਗਲ ਪਲੇ ਪ੍ਰੋਟੈਕਸ਼ਨ ਦੀ ਵਰਤੋਂ ਕਰੋ**

ਜੋ ਲੋਕ ਨਹੀਂ ਜਾਣਦੇ ਹਨ, ਅਸੀਂ ਤੁਹਾਨੂੰ ਦੱਸ ਦੇਈਏ ਕਿ ਐਂਡਰਾਇਡ ਡਿਵਾਈਸ ਨੂੰ ਸੁਰੱਖਿਅਤ ਰੱਖਣ ਲਈ ਗੂਗਲ ਪਲੇ ਪ੍ਰੋਟੈਕਟ ਇਕ ਸ਼ਾਨਦਾਰ ਫੀਚਰ ਹੈ, ਜੋ ਕਿ ਐਪਲੀਕੇਸ਼ਨ ਨੂੰ ਇੰਸਟਾਲ ਕਰਦੇ ਸਮੇਂ ਅਤੇ ਸਮੇਂ-ਸਮੇਂ 'ਤੇ ਡਿਵਾਈਸ ਨੂੰ ਸਕੈਨ ਕਰ ਕੇ ਫਰਜ਼ੀ ਜਾਂ ਡਾਟਾ ਚੋਰੀ ਕਰਨ ਵਾਲੀਆਂ ਐਪਲੀਕੇਸ਼ਨਾਂ ਦਾ ਪਤਾ ਲਗਾਉਂਦਾ ਹੈ। ਇਸ ਲਈ ਇਸ ਫੀਚਰ ਨੂੰ ਹਮੇਸ਼ਾ ਚਾਲੂ ਰੱਖੋ।

# ਆਸ਼ਾ ਜਯੋਤੀ ਕੈਂਸਰ ਸਕ੍ਰੀਨਿੰਗ ਵੈਨ ਪ੍ਰਾਜੈਕਟ ਨੂੰ ਮੁੜ ਸ਼ੁਰੂ ਕਰਨ ਦੀ ਮੰਗ ਨੂੰ ਲੈ ਕੇ ਹਾਈ ਕੋਰਟ 'ਚ ਜਨਹਿੱਤ ਪਟੀਸ਼ਨ ਦਾਇਰ



ਚੰਡੀਗੜ੍ਹ 27 ਨਵੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) - ਚੰਡੀਗੜ੍ਹ ਅਤੇ ਇਸ ਦੇ ਆਸ-ਪਾਸ ਦੇ ਇਲਾਕਿਆਂ 'ਚ ਆਸ਼ਾ ਜਯੋਤੀ ਕੈਂਸਰ ਸਕ੍ਰੀਨਿੰਗ ਵੈਨ ਪਿਛਲੇ ਚਾਰ ਸਾਲਾਂ ਤੋਂ ਬੰਦ ਹੈ। ਪਟੀਸ਼ਨਕਰਤਾ ਰਣਜੀਤ ਸਿੰਘ ਨੇ ਹਾਈ ਕੋਰਟ ਨੂੰ ਦਸਿਆ ਕਿ ਸਾਲ 2012 'ਚ ਕੇਂਦਰ ਸਰਕਾਰ ਦੀ ਪਹਿਲ ਕਦਮੀ ਨਾਲ ਚੰਡੀਗੜ੍ਹ ਅਤੇ ਆਸ-ਪਾਸ ਦੇ ਪੇਂਡੂ ਖੇਤਰਾਂ 'ਚ ਔਰਤਾਂ ਦੀ ਸਰਵਾਈਕਲ ਅਤੇ ਛਾਤੀ ਦੇ ਕੈਂਸਰ ਦੀ ਜਾਂਚ ਲਈ ਆਸ਼ਾ ਜਯੋਤੀ ਸਕ੍ਰੀਨਿੰਗ ਵੈਨ ਚਲਾਈ ਗਈ ਸੀ। ਸ਼ੁਰੂਆਤੀ ਪੜਾਅ 'ਤੇ ਇਸ ਕੈਂਸਰ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਗਈ ਸੀ। ਤਾਂ ਜੋ ਸਮੇਂ ਸਿਰ ਇਲਾਜ ਕੀਤਾ ਜਾ ਸਕੇ। ਇਸ ਵੈਨ ਰਾਹੀਂ 40,000 ਤੋਂ ਵੱਧ ਔਰਤਾਂ ਦੀ ਜਾਂਚ ਕੀਤੀ ਗਈ ਅਤੇ ਜੋ ਪੀੜਤ ਪਾਏ ਗਏ ਉਨ੍ਹਾਂ ਦਾ ਸਮੇਂ ਸਿਰ ਇਲਾਜ ਕੀਤਾ ਗਿਆ। ਪਰ ਸਾਲ 2020 'ਚ, ਇਸ ਆਸ਼ਾ ਜਯੋਤੀ ਸਕ੍ਰੀਨਿੰਗ ਵੈਨ ਨੂੰ ਬੰਦ ਕਰ ਦਿਤਾ ਗਿਆ ਸੀ। ਪੰਜਾਬ ਨੂੰ ਵੀ ਇਸ ਸਕੀਮ ਦਾ ਲਾਭ ਮਿਲ ਰਿਹਾ ਸੀ ਪਰ ਪੰਜਾਬ ਸਰਕਾਰ ਨੇ ਕਦੇ ਵੀ ਇਸ ਸਕੀਮ ਨੂੰ ਮੁੜ ਸੁਰਜੀਤ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਪਟੀਸ਼ਨਕਰਤਾ ਨੇ ਪੰਜਾਬ ਸਰਕਾਰ ਨੂੰ ਮੰਗ ਚਿੱਠੀ ਦੇ ਕੇ ਇਸ ਸਕੀਮ ਨੂੰ ਮੁੜ ਸ਼ੁਰੂ ਕਰਨ ਦੀ ਮੰਗ ਕੀਤੀ ਸੀ, ਜਿਸ ਵਲ ਸਰਕਾਰ ਨੇ ਧਿਆਨ ਵੀ ਨਹੀਂ ਦਿੱਤਾ

ਇਸ ਲਈ ਹੁਣ ਹਾਈ ਕੋਰਟ 'ਚ ਇਕ ਜਨਹਿਤ ਪਟੀਸ਼ਨ ਦਾਇਰ ਕੀਤੀ ਗਈ ਹੈ ਜਿਸ 'ਚ ਇਸ ਯੋਜਨਾ ਨੂੰ ਮੁੜ ਸ਼ੁਰੂ ਕਰਨ ਦੀ ਮੰਗ ਕੀਤੀ ਗਈ ਹੈ। ਚੀਫ ਜਸਟਿਸ ਦੀ ਬੈਂਚ ਨੇ ਅੱਜ ਇਸ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਕਿਹਾ ਕਿ ਇਹ ਬਹੁਤ ਗੰਭੀਰ ਮਾਮਲਾ ਹੈ, ਅਜਿਹੀ ਸੇਵਾ ਨੂੰ ਰੋਕਿਆ ਨਹੀਂ ਜਾਣਾ ਚਾਹੀਦਾ। ਹੁਣ ਚੀਫ ਜਸਟਿਸ ਦੇ ਬੈਂਚ ਨੇ ਕੇਂਦਰ ਸਮੇਤ ਪੰਜਾਬ ਸਰਕਾਰ ਅਤੇ ਪੀਜੀਆਈ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਮੰਗਿਆ ਹੈ ਅਤੇ ਮਾਮਲੇ ਦੀ ਅਗਲੀ ਸੁਣਵਾਈ 'ਤੇ 11 ਦਸੰਬਰ ਨੂੰ ਸਟੇਟਸ ਰੀਪੋਰਟ ਪੇਸ਼ ਕਰਨ ਦੇ ਹੁਕਮ ਵੀ ਦਿੱਤੇ ਹਨ।










ROYAL SHIELD GROUP
SUPER VISA INSURANCE
EMERGENCY MEDICAL INSURANCE FOR
STUDENTS
WORK PERMIT HOLDERS
VISITORS
TEHAL SINGH BRAR
INSURANCE ADVISOR
905-782-2013
SAHAS BRAR
416-660-6151
PASSPORT
VISA
CHILD PLAN
Do you want to give a Life Time Gift to your Child? Call Now to set up this plan!
A MAGICAL POLICY
20 Years To Pay!


BRAMPTON CASH AND CARRY
WHOLESALER
IMPORTER
DISTRIBUTOR
RETAILER
Wholesaler, Importer, Distributor & Retailer of Restaurants Supply
BRAMPTON
CASH & CARRY
Brampton CashandCarry2023@gmail.com
905-230-4800
100 Kennedy Road S., Brampton, ON L6W 3E7


AAPKI PASAND AAPKA SWAAD
DURUM CHAKKI
ATTA
Aapki
PASAND
AAPKA SWAAD
आटा
ਆਟਾ
Indian Style
DURUM
CHAKKI
ATTA
FARINE DE BLÉ
WHOLE WHEAT 100% BLÉ ENTIER
6HR
WEIGHT
20LB
PRICE
$9.99
6HR
SOFTNESS
BEST FOR ROLLS, PARANTHAS. POORIS & HOTBREADS
Contact us
905-230-4800 | 416-700-9100
100 KENNEDY ROAD S., BRAMPTON ON L6W 3E7, CANADA

# ਵਿਸ਼ਵ ਪੰਜਾਬੀ ਸਭਾ (ਰਜਿ:) ਕੈਨੇਡਾ

## ਅਤੇ ਧੀ ਪੰਜਾਬਣ ਮੰਚ ਸੰਗਰੂਰ ਵੱਲੋਂ

# ਪੁਸਤਕ ਸੱਭਿਆਚਾਰ ਨੂੰ ਸਮਰਪਿਤ ਸਮਾਰੋਹ

**ਮਿਤੀ: 27 ਨਵੰਬਰ 2024 ਦਿਨ ਬੁੱਧਵਾਰ / ਸਮਾਂ: ਸਵੇਰੇ 10:00 ਵਜੇ**

**ਸਥਾਨ:– ਅਕਾਲ ਕਾਲਜ਼ ਆਫ ਐਜੂਕੇਸ਼ਨ, ਮਸਤੂਆਣਾ ਸਾਹਿਬ (ਸੰਗਰੂਰ)**

## ਸਮਾਗਮ ਦੇ ਸਿਤਾਰੇ



- ਡਾ. ਦਲਬੀਰ ਸਿੰਘ ਕਥੂਰੀਆ – ਚੇਅਰਮੈਨ ਵਿਸ਼ਵ ਪੰਜਾਬੀ ਸਭਾ
- ਡਾ. ਹਰਦੀਪ ਸਿੰਘ ਮੁੰਡੀਆ – ਕੈਬਨਿਟ ਮੰਤਰੀ ਪੰਜਾਬ
- ਡਾ. ਐਚ. ਐਸ. ਗਿੱਲ – ਚੇਅਰਮੈਂਨ ਆਦੇਸ਼ ਯੂਨੀਵਰਸਿਟੀ
- ਡਾ. ਐਸ.ਪੀ. ਸਿੰਘ – ਸਾਬਕਾ ਵੀ.ਸੀ. ਗੁਰੂ ਨਾਨਕ ਦੇਵ ਯੂਨੀ.
- ਪ੍ਰੋ. ਗੁਰਭਜਨ ਗਿੱਲ – ਸਰਪ੍ਰਸਤ ਵਿਸ਼ਵ ਪੰਜਾਬੀ ਸਭਾ
- ਸ. ਜਸਪ੍ਰੀਤ ਸਿੰਘ ਕਰਮਸਰ – ਚੇਅਰਮੈਨ ਧਰਮ ਪ੍ਰਚਾਰ ਕਮੇਟੀ ਦਿੱਲੀ
- ਸ. ਕੰਵਰ ਸੰਧੂ – ਸਾਬਕਾ ਐਮ.ਐਲ.ਏ
- ਡਾ. ਜਗਤਾਰ ਸਿੰਘ ਧੀਮਾਨ – ਸਾਬਕਾ ਵੀ.ਸੀ. ਗੁਰੂ ਕਾਂਸ਼ੀ ਯੂਨੀਵਰਸਿਟੀ



- ਸ. ਲਖਵਿੰਦਰ ਸਿੰਘ ਸਲੇਮਪੁਰੀ – ਵਿਸ਼ਵ ਪ੍ਰਸਿੱਧ ਲੇਖਕ
- ਡਾ. ਜੋਗਾ ਸਿੰਘ ਵਿਰਕ – ਮੁੱਖ ਸਲਾਹਕਾਰ
- ਸ. ਗੁਰਲਾਭ ਸਿੰਘ ਸਿੱਧੂ – ਸਰਪ੍ਰਸਤ
- ਪ੍ਰੋ. ਕੁਲਬੀਰ ਸਿੰਘ – ਸੀਨੀ. ਕਾਲਮਨਵੀਸ ਮੀਡੀਆ ਆਲੋਚਕ
- ਪ੍ਰੋ. ਸੰਧੂ ਵਰਿਆਣਵੀਂ – ਮੁੱਖ ਸਲਾਹਕਾਰ
- ਡਾ. ਗੁਰਪ੍ਰੀਤ ਕੌਰ – ਮੁੱਖ ਸਲਾਹਕਾਰ
- ਡਾ. ਗੁਰਚਰਨ ਕੌਰ ਕੋਚਰ – ਨੈਸ਼ਨਲ ਸਟੇਟ ਅਵਾਰਡੀ
- ਮੈਡਮ ਸੁੱਖੀ ਬਰਾੜ – ਪੰਜਾਬੀ ਲੋਕ ਗਾਇਕਾ

## ਉਡੀਕਵਾਨ ਸਮੁੱਚੀ ਟੀਮ



ਸ. ਹਰਜੀਤ ਸਿੰਘ ਢੀਂਗਰਾ | ਮੈਡਮ ਬਲਬੀਰ ਕੌਰ ਰਾਏਕੋਟੀ | ਬਿੱਟੂ ਸ਼ਫੀਨਾ ਸੰਧੂ | ਸ. ਸਤਵਿੰਦਰ ਸਿੰਘ ਧੜਾਕ | ਡਾ. ਕਮਲਜੀਤ ਸਿੰਘ ਟਿੱਬਾ | ਸ. ਜਸਵੀਰ ਸਿੰਘ ਰਾਏ | ਸ. ਸੋਹਣ ਸਿੰਘ ਗੈਦੂ | ਜਗਦੀਸ਼ ਰਾਣਾ | ਸ. ਅਮਰਜੀਤ ਸਿੰਘ ਅਮਰ | ਸ. ਹਰਜੀਤ ਸਿੰਘ ਬਾਜਵਾ



ਸ. ਰਵਿੰਦਰ ਸਿੰਘ ਸੈਂਪਲਾ | ਪ੍ਰਿੰਸੀਪਲ ਗੁਰਜੰਟ ਸਿੰਘ | ਡਾ. ਰਮਨਦੀਪ ਸਿੰਘ ਦੀਪ | ਡਾ. ਹਰਜੀਤ ਸਿੰਘ ਸੱਧਰ | ਸ. ਕੰਵਲਜੀਤ ਸਿੰਘ ਲੱਕੀ | ਸ. ਸੁਰਿੰਦਰਪ੍ਰੀਤ ਘਣੀਆਂ | ਸ. ਸਤਬੀਰ ਸਿੰਘ | ਮੈਡਮ ਬਲਜੀਤ ਸਰਮਾਂ | ਡਾ. ਜਗਦੀਪ ਕੌਰ ਆਹੂਜਾ | ਸ੍ਰੀਮਤੀ ਪਰਮਿੰਦਰ ਕੌਰ ਜੈਪੁਰ



ਸਾਹਿਬਾ ਜੀਟਨ ਕੌਰ | ਰਵੀ ਦੇਵਗਨ | ਪਰਮਜੀਤ ਕੌਰ | ਡਾ. ਊਮੇ ਐਮਨ | ਸ. ਸਰਬਜੀਤ ਸਿੰਘ ਛਿੰਪੀ | ਗੁਰਜੀਤ ਕੌਰ ਅਜਨਾਲਾ | ਅਹਿਮਦ ਮਹਿਮੂਦ ਬਿੰਦ | ਗੁਰਪ੍ਰੀਤ ਕੌਰ | ਅਨੀਤਾ ਪਟਿਆਲਵੀ | ਬੌਬੀ ਬਾਜਾਖਾਨਾ



ਸ੍ਰੀਮਤੀ ਹਰਜਿੰਦਰ ਕੌਰ ਸੱਧਰ | ਵਿਨੈ ਜੋਸ਼ੀ | ਡਾ. ਗਿਆਨ ਸਿੰਘ ਘਈ | ਦਵੀ ਸਿੱਧੂ | ਨਿਰਮਲਾ ਗਰਗ | ਮੈਡਮ ਸਨਦੀਪ ਚੀਮਾ | ਸ. ਬਲਰਾਜ ਸਿੰਘ | ਸ. ਅਵਤਾਰ ਸਿੰਘ | ਸ. ਗਿਆਨ ਸਿੰਘ | ਸ. ਰਣਜੀਤ ਸਿੰਘ ਸਿਰਸਾ



ਸੰਦੀਪ ਸਰਮਾਂ | ਰਮਨਦੀਪ ਕੌਰ | ਸ. ਹਰਪ੍ਰੀਤ ਸਿੰਘ | ਸ. ਹਰਜਿੰਦਰ ਸਿੰਘ ਜਿੰਦੀ | ਮੰਗਤ ਖਾਨ | ਸ. ਗੁਰਸੇਵਕ ਸਿੰਘ ਭੈਣੀ | ਸ. ਸੁਖਦੇਵ ਸਿੰਘ ਗੰਡਵਾ | ਡਾ. ਰਵਿੰਦਰ ਭਾਟੀਆ | ਰਾਜਵੀਰ ਜੰਨਤ | ਕਿਰਨ ਸਿੰਗਲਾ

**ਸੰਪਰਕ ਨੰ. 98144-12610, 98154-04044**